# ਦੋ ਦਿਨਾਂ ਟੂਰਨਾਮੈਂਟ 19 ਤੋਂ

ਲੁਧਿਆਣਾ, 17 ਜਨਵਰੀ (ਜਤਿੰਦਰਪਾਲ ਸਿੰਘ): ਵਿਸ਼ਵ ਦੀ ਦੂਜੀ ਸਭ ਤੋਂ ਵੱਡੀ ਚਾਹ ਕੰਪਨੀ ਟਾਟਾ ਗਲੋਬਲ ਬੇਵਰੇਜੇਸ ਲਿਮਟਿਡ 19 ਅਤੇ 20 ਜਨਵਰੀ 2012 ਨੂੰ ਲੁਧਿਆਣਾ 'ਚ ਆਪਣੇ ਟਾਟਾ ਟੀ ਜਾਗੋ ਰੇ ਇੰਟਰ ਮਿਲਨ ਸਾਕਰ ਸਟਾਰਜ਼ 2012 ਦੇ 5ਵੇਂ ਭਾਗ ਤੋਂ ਪਰਦਾ ਉਠਾਏਗਾ। ਇਸ ਫੁੱਟਬਾਲ ਟੂਰਨਾਮੈਂਟ ਦਾ ਆਯੋਜਨ ਮੋਤੀ ਨਗਰ ਸਟੇਡੀਅਮ, ਸੈਕਟਰ –32, ਲੁਧਿਆਣਾ ਦੇ ਫੁੱਟਬਾਲ ਸਟੇਡੀਅਮ 'ਚ ਕੀਤਾ ਜਾਵੇਗਾ। ਭਾਰਤ 'ਚ ਅੰਡਰ–15 ਫੁੱਟਬਾਲ ਟੇਲੈਂਟ ਖੋਜ ਦੀ ਦੇਣ ਟਾਟਾ ਟੀ ਨੂੰ ਜਾਂਦੀ ਹੈ। ਕੰਪਨੀ ਨਾਮੀ ਫੁਟਬਾਲ ਕਲੱਬ ਐਫਸੀ ਇੰਟਰਨੇਜਿਓਲੇਨ ਮਿਲਾਨੋ (ਇੰਟਰ ਮਿਲਾਨ) ਦੇ ਨਾਲ ਮਿਲ ਕੇ ਇਸ ਦਾ ਆਯੋਜਨ ਕਰ ਰਹੀ ਹੈ। ਲੁਧਿਆਣਾ 'ਚ ਆਯੋਜਤ ਹੋਣ ਵਾਲੇ ਇਸ 2 ਦਿਨਾਂ ਟੂਰਨਾਮੈਂਟ 'ਚ 32 ਸਕੂਲਾਂ ਦੇ 350 ਤੋਂ ਜ਼ਿਆਦਾ ਬੱਚੇ ਭਾਗ ਲੈਣਗੇ।